ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ
(ਅਮਲਾ-4 ਸ਼ਾਖਾ)

ਵੱਲ

ਪੰਜਾਬ ਰਾਜ ਦੇ
ਸਮੂਹ ਸਿਵਲ ਸਰਜਨ

ਨੰ: ਈ-4(9)/ਪੰ:/2021/5611-5634
ਮਿਤੀ, ਚੰਡੀਗੜ: 13/7/2021

ਵਿਸ਼ਾ:- ਨਵ-ਨਿਯੁਕਤ 128 ਮੈਡੀਕਲ ਅਫਸਰ (ਸਪੈਸ਼ਲਿਸਟ) ਡਾਕਟਰਾਂ ਨੂੰ ਡਿਊਟੀ ਜੁਆਇੰਨ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲੇ ਵਿੱਚ।

ਵਿਸ਼ੇ ਅੰਕਿਤ ਮਾਮਲੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਨਵ-ਨਿਯੁਕਤ 128 ਮੈਡੀਕਲ ਅਫਸਰ (ਸਪੈਸ਼ਲਿਸਟਾਂ) ਨੂੰ ਨਿਯੁਕਤੀ ਪੱਤਰ ਅਤੇ ਤੈਨਾਤੀ ਦੇ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ, ਪਰੰਤੂ ਰਾਜ ਦੇ ਕਰਮਚਾਰੀਆਂ/ਅਧਿਕਾਰੀਆਂ ਵਲੋਂ ਹੜਤਾਲ ਹੋਣ ਕਾਰਨ ਮਿਤੀ 09.07.2021 ਨੂੰ ਹੋਣ ਵਾਲੇ ਨਵ-ਨਿਯੁਕਤ ਮੈਡੀਕਲ ਅਫਸਰਾਂ ਦੇ ਮੈਡੀਕਲ ਮੁਆਇੰਨੇ ਨਹੀਂ ਹੋ ਸਕੇ। ਜਿਸ ਕਾਰਨ ਸਬੰਧਤ ਡਾਕਟਰ ਆਪਣੀ ਤੈਨਾਤੀ ਵਾਲੀ ਥਾਂ ਤੇ ਹਾਜ਼ਰੀ ਰਿਪੋਰਟ ਪੇਸ਼ ਨਹੀਂ ਕਰ ਸਕੇ।

ਡਾਕਟਰਾਂ ਦੇ ਮੈਡੀਕਲ ਮੁਆਇੰਨੇ ਲਈ ਇਸ ਦਫਤਰ ਦੀ ਪੀ.ਐਮ.ਐਸ. ਸ਼ਾਖਾ ਦੇ ਪੱਤਰ ਨੰ: ਮੈਡੀਕਲ(4)/ਪੰ:/2021/29868-30002 ਮਿਤੀ 05.07.2021 ਰਾਹੀਂ ਨਵ-ਨਿਯੁਕਤ ਮੈਡੀਕਲ ਅਫਸਰ (ਸਪੈਸ਼ਲਿਸਟ) ਡਾਕਟਰਾਂ ਦਾ ਮੈਡੀਕਲ ਮੁਆਇੰਨਾ ਕਰਵਾਉਣ ਲਈ ਮਿਤੀ 09.07.2021 ਜਾਂ ਮਿਤੀ 16.07.2021 ਨੂੰ ਸਵੇਰੇ 9:00 ਵਜੇ ਸਟੈਡਿੰਗ ਮੈਡੀਕਲ ਬੋਰਡ ਰਾਹੀਂ ਕਰਨ ਬਾਰੇ ਲਿਖਿਆ ਗਿਆ ਹੈ।

ਰਾਜ ਵਿੱਚ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਹਿੱਤ ਸਬੰਧਤ ਮੈਡੀਕਲ ਅਫਸਰ (ਸਪੈਸ਼ਲਿਸਟ) ਜਿਹਨਾਂ ਦੀ ਤੈਨਾਤੀ ਦੀ ਹੁਕਮ ਜਾਰੀ ਹੋ ਚੁੱਕੇ ਹਨ, ਨੂੰ ਮੈਡੀਕਲ ਮੁਆਇੰਨਾ ਹੋਣ ਤੋਂ ਪਹਿਲਾਂ ਡਿਊਟੀ ਜੁਆਇੰਨ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਉਹ ਆਪਣਾ ਮੈਡੀਕਲ ਮੁਆਇੰਨਾ ਮਿਤੀ 16.07.2021 ਨੂੰ ਕਰਵਾਉਣ ਉਪਰੰਤ ਆਪਣਾ ਫਿਟਨੈਸ ਸਰਟੀਫਿਕੇਟ ਤੈਨਾਤੀ ਵਾਲੀ ਥਾਂ ਤੇ ਪੇਸ਼ ਕਰਨਾ ਯਕੀਨੀ ਬਣਾਉਣਗੇ।

13/7/21

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ

ਪਿੱਠ ਅੰਕਣ ਨੰ: ਈ-4(9)/ਪੰ:/2021/5635-37 ਮਿਤੀ, ਚੰਡੀਗੜ੍ਹ: 13/7/2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ :-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, (ਸਿਹਤ-1 ਸ਼ਾਖਾ), ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2. ਡੀ.ਐਚ.ਐਸ. ਦਫਤਰ ਸੁਪਰਡੰਟ ਪੀ.ਐਮ.ਐਚ. ਸ਼ਾਖਾ ਨੂੰ ਉਹਨਾਂ ਦੇ ਪੱਤਰ ਨੰ: ਮੈਡੀਕਲ(4)/ਪੰ:/2021/29868-30002 ਮਿਤੀ 05.07.2021 ਰਾਹੀਂ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
3. ਸਿਸਟਮ ਐਨਾਲਿਸਟ, ਕੰਪਿਊਟਰ ਸੈਲ, ਦਫਤਰ ਡੀ.ਐਚ.ਐਸ., ਪੰਜਾਬ, ਚੰਡੀਗੜ੍ਹ ਨੂੰ ਉਕਤ ਸੂਚੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਅੱਜ ਮਿਤੀ 13.07.2021 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾਵੇ।

13/7/21

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ